


# ਫ਼ਿਲਮ ਐਂਡ ਸੰਗੀਤ

## ਪੰਜਾਬੀ ਸ਼ਾਰਟ ਫ਼ਿਲਮਾਂ ਦਾ ਸਾਹਿਤਕ ਮੋੜ : ਸੁੱਤਾ ਨਾਗ

ਪੰਜਾਬੀ ਲਘੂ ਫ਼ਿਲਮਾਂ ਦਾ ਤਿੱਖਾ ਅਤੇ ਸਾਹਿਤਕ ਮੋੜ ਬਣ ਕੇ ਉੱਭਰੀ ਅਮਰਦੀਪ ਸਿੰਘ ਗਿੱਲ ਦੀ ਫ਼ਿਲਮ 'ਸੁੱਤਾ ਨਾਗ' ਅੱਜਕਲ ਸਾਹਿਤਕ ਅਤੇ ਫ਼ਿਲਮੀ ਹਲਕਿਆਂ ਵਿਚ ਚਰਚਿਤ ਹੈ। ਇਸ ਲਘੂ ਫ਼ਿਲਮ ਨੇ ਰਾਮ ਸਰੂਪ ਅਣਖੀ ਜੀ ਦੀ ਸਾਹਿਤਕ ਕਿਰਤ ਨੂੰ ਦੇਸ਼-ਵਿਦੇਸ਼ ਤਕ ਪਹੁੰਚਾ ਦਿੱਤਾ ਹੈ। ਲੇਖਕ ਅਤੇ ਨਿਰਦੇਸ਼ਕ ਅਮਰਦੀਪ ਸਿੰਘ ਗਿੱਲ ਨੇ ਆਪਣੀ ਸਾਹਿਤਕ ਸੂਝ ਦਾ ਸਬੂਤ ਦਿੰਦਿਆਂ ਫ਼ਿਲਮ ਦੇ ਦ੍ਰਿਸ਼ਾਂ ਨੂੰ ਕਲਾਤਮਕ ਬਿੰਬਾਂ ਰਾਹੀਂ ਪੇਸ਼ ਕੀਤਾ ਹੈ।




ਸ਼ੁਰੂ ਵਿਚ ਕਿਲੇ ਨਾਲ ਬੰਨ੍ਹੇ ਅਤੇ ਖੋਲ੍ਹੇ ਜਾਣ ਵਾਲੇ ਸੰਗਲ ਦੇ ਦ੍ਰਿਸ਼ ਰਾਹੀਂ ਹੀ ਉਸ ਨੇ ਭਾਰਤੀ ਸਮਾਜ ਵਿੱਚ ਔਰਤ ਦੀ ਸਥਿਤੀ ਨੂੰ ਪੇਸ਼ ਕੀਤਾ ਹੈ। ਅਮਰਦੀਪ ਸਿੰਘ ਗਿੱਲ ਦੀ ਨਿਰਦੇਸ਼ਨਾ ਹੇਠ ਫ਼ਿਲਮ ਵਿਚ ਮਲਵਈ ਖੇਤਰ ਦੀ ਪੇਂਡੂ ਰਹਿਤਲ ਅਤੇ ਕੰਮ ਧੰਦਿਆਂ ਨੂੰ ਕੈਮਰੇ ਦੀ ਮਹੀਨ ਅੱਖ ਰਾਹੀਂ ਸਿਰਜਿਆ ਗਿਆ ਹੈ, ਜਿਸ ਕਾਰਨ ਫ਼ਿਲਮ 'ਸੁੱਤਾ ਨਾਗ' ਇੱਕ ਸਾਹਿਤਕ ਮੋੜ ਕੱਟਦੀ ਹੈ।

ਦੂਜੇ ਪਾਸੇ ਸੰਵਾਦਾਂ ਵਿਚ ਵਰਤੀ ਗਈ ਭਾਸ਼ਾ ਦੀ ਮਹੱਤਤਾ ਬਹੁਤ ਹੈ। ਖੇਤਰੀ ਬੋਲੀ ਨੂੰ ਸਦੀਆਂ ਤਕ ਸੁਰਜੀਤ ਰੱਖਣ ਦਾ ਇਹ ਯਤਨ ਭਾਸ਼ਾ ਵਿਗਿਆਨੀਆਂ ਦੀ ਪੰਜਾਬੀ ਮਾਂ ਬੋਲੀ ਲਈ ਕੀਤੀ ਗਈ ਨਿਕਟਵਰਤੀ ਭਵਿੱਖਬਾਣੀ ਨੂੰ ਸਿਰੇ ਤੋਂ ਨਕਾਰਨ ਦਾ ਸਬੂਤ ਹੈ। ਭਾਸ਼ਾ ਨੂੰ ਉਸ ਦੇ ਉਸੇ ਠੇਠ ਅਤੇ ਸ਼ੁੱਧ ਰੂਪ ਵਿਚ ਵਰਤਿਆ ਜਾਣਾ ਅਮਰਦੀਪ ਸਿੰਘ ਗਿੱਲ ਦੀ ਪ੍ਰਾਪਤੀ ਹੈ। ਫ਼ਿਲਮ ਵਿਚ ਸੂਖਮਤਾਈ ਦਾ ਇੱਕ ਹੋਰ ਸਬੂਤ ਭਾਰਤੀ ਔਰਤ ਦੀਆਂ ਮਾਨਸਿਕ ਗੁੰਝਲਾਂ, ਉਸ ਦੀਆਂ ਭਾਵਨਾਵਾਂ, ਉਸ ਦੀਆਂ ਸੰਭਾਵਨਾਵਾਂ ਅਤੇ ਉਸ ਦੇ ਅੰਦਰ ਛੁਪੀਆਂ ਸੋਚਾਂ ਨੂੰ ਕਲਾਤਮਕ ਢੰਗ ਨਾਲ ਉਜਾਗਰ ਕਰਨਾ ਹੈ।

## ਕੋਈ ਵੱਖਰਾ ਸਟਾਈਲ ਨਹੀਂ ਬਣਾਇਆ : ਆਲੀਆ

ਆਲੀਆ ਭੱਟ ਵਿੱਚ ਮਾਸੂਮੀਅਤ ਨਾਲ ਭਰਪੂਰ ਇੱਕ ਕਮਾਲ ਦਾ ਗਲੈਮਰ ਹੈ। ਉਸ ਦੀ ਕਿਊਟ ਲੁੱਕ ਉਸ ਨੂੰ ਬਾਲੀਵੁੱਡ ਦੀਆਂ ਉੱਚੇ ਕੱਦ ਦੀਆਂ ਜ਼ਿਆਦਾਤਰ ਅਭਿਨੇਤਰੀਆਂ ਵਿਚਾਲੇ ਸਰਲਤਾ ਨਾਲ ਵੱਖਰੀ ਖੜ੍ਹੀ ਕਰ ਦਿੰਦੀ ਹੈ। ਉਸ ਦਾ ਇਹੀ ਮਾਸੂਮੀਅਤ ਭਰਿਆ ਗਲੈਮਰ ਹੈ, ਜਿਸ ਦੀ ਬਦੌਲਤ ਇਸ ਵੇਲੇ ਉਸ ਦੀ ਝੋਲੀ ਵਿੱਚ 'ਹਾਈਵੇ', 'ਟੂ ਸਟੇਟਸ' ਅਤੇ 'ਹੰਪਟੀ ਸ਼ਰਮਾ ਕੀ ਦੁਲਹਨੀਆ' ਵਰਗੀਆਂ ਬਾਲੀਵੁੱਡ ਦੀਆਂ ਕੁਝ ਵੱਡੀਆਂ ਫ਼ਿਲਮਾਂ ਹਨ। ਕੁਝ ਸੁੰਦਰਤਾ ਉਤਪਾਦ ਕੰਪਨੀਆਂ ਦੀ ਬ੍ਰਾਂਡ ਅੰਬੈਸਡਰ ਬਣ ਚੁੱਕੀ 20 ਸਾਲਾ ਇਸ ਸੁੰਦਰੀ ਨੇ ਹੁਣੇ ਜਿਹੇ ਆਪਣੇ ਬਿਊਟੀ ਰਿਜ਼ੀਮ, ਫ਼ੈਸ਼ਨ ਅਤੇ ਫ਼ਿਟਨੈੱਸ ਬਾਰੇ ਖਾਸ ਗੱਲਾਂ ਸਾਂਝੀਆਂ ਕੀਤੀਆਂ। ਉਹ ਕਹਿੰਦੀ ਹੈ, "ਸਾਧਾਰਨ ਬਾਡੀ ਸਕ੍ਰਬ ਅਤੇ ਮਸਾਜ ਤੋਂ ਇਲਾਵਾ ਮੈਂ ਖੂਬ ਪਾਣੀ ਪੀਂਦੀ ਹਾਂ। ਖੂਬ ਵਿਟਾਮਿਨ ਲੈਂਦੀ ਹਾਂ ਅਤੇ ਹੇਅਰ ਟ੍ਰੀਟਮੈਂਟਸ ਵੀ ਕਰਵਾਉਂਦੀ ਹਾਂ।"



ਉਸ ਦਾ ਮੰਨਣੈ ਕਿ ਕਰੀਨਾ ਕਪੂਰ ਅਤੇ ਰਿਤਿਕ ਰੋਸ਼ਨ ਬਾਲੀਵੁੱਡ ਦੇ ਸਭ ਤੋਂ ਉੱਤਮ ਬਿਊਟੀ ਆਈਕਨ ਹਨ, ਜਦਕਿ ਅੰਤਰਰਾਸ਼ਟਰੀ ਪੱਧਰ 'ਤੇ ਉਹ ਅਮਰੀਕਨ ਅਦਾਕਾਰਾ ਜੇਨੀਫ਼ਰ ਲਾਰੇਂਸ ਅਤੇ ਅਦਾਕਾਰ ਬ੍ਰੇਡਲੀ ਕੂਪਰ ਨੂੰ ਪਸੰਦ ਕਰਦੀ ਹੈ। ਉਸ ਦਾ ਕਹਿਣੈ ਕਿ ਉਸ ਦੀ ਫ਼ਿਗਰ ਹਮੇਸ਼ਾ ਤੋਂ ਪਤਲੀ ਨਹੀਂ ਰਹੀ ਅਤੇ ਉਸ ਨੂੰ ਆਪਣੇ ਖਾਣ-ਪੀਣ ਅਤੇ ਫ਼ਿਟਨੈੱਸ ਦਾ ਖਾਸ ਖਿਆਲ ਰੱਖਣਾ ਪੈਂਦਾ ਹੈ। ਉਸ ਨੇ ਕਿਹਾ, "ਮੇਰੀ ਫ਼ਿਟਨੈੱਸ ਰੁਟੀਨ ਵਿੱਚ ਤੈਅ ਰੂਪ ਵਿੱਚ ਜਿਮ ਵਿੱਚ ਕਸਰਤ ਅਤੇ ਯੋਗਾ ਸ਼ਾਮਲ ਹਨ। ਮੇਰਾ ਨਿੱਜੀ ਟ੍ਰੇਨਰ ਮੇਰੀਆਂ ਸਾਰੀਆਂ ਰੁਟੀਨਸ ਅਤੇ ਖਾਣ-ਪੀਣ 'ਤੇ ਨਜ਼ਰ ਰੱਖਦਾ ਹੈ।" ਆਪਣੀ ਪਹਿਲੀ ਹੀ ਫ਼ਿਲਮ 'ਸਟੂਡੈਂਟ ਆਫ਼ ਦਿ ਯੀਅਰ' ਨਾਲ ਪ੍ਰਸਿੱਧੀ ਪ੍ਰਾਪਤ ਕਰਨ ਵਾਲੀ ਆਲੀਆ ਆਪਣੇ ਫ਼ੈਸ਼ਨ ਲਈ ਕਾਫ਼ੀ ਲੋਕਪ੍ਰਿਯ ਹੋ ਚੁੱਕੀ ਹੈ। ਅਕਸਰ ਔਰਤ ਪ੍ਰਧਾਨ ਅਤੇ ਗੂੜ੍ਹੇ ਰੰਗ ਵਾਲੇ ਲਿਬਾਸਾਂ ਵਿੱਚ ਨਜ਼ਰ ਆਉਣ ਵਾਲੀ ਆਲੀਆ ਸਵੀਕਾਰ ਕਰਦੀ ਹੈ ਕਿ ਉਸ ਨੇ ਆਪਣਾ ਕੋਈ ਵੱਖਰਾ ਸਟਾਈਲ ਨਹੀਂ ਬਣਾਇਆ। ਉਸ ਦੇ ਬੈਗ ਵਿੱਚ ਹਮੇਸ਼ਾ ਰਹਿਣ ਵਾਲੀਆਂ ਪੰਜ ਚੀਜ਼ਾਂ ਵਿੱਚ ਕੱਜਲ, ਲਿੱਪ ਬਾਮ, ਮਨਪਸੰਦ ਪਰਫ਼ਿਊਮ, ਹੇਅਰ ਬਰੱਸ਼ ਅਤੇ ਚੁਇੰਗਮ ਸ਼ਾਮਲ ਹਨ।

## ਫ਼ਿਲਮੀ ਖ਼ਬਰਨਾਮਾ


### "ਏਹ ਜਨਮ ਤੁਮ੍ਹਾਰੇ ਲੇਖੇ" ਇਕ ਵੇਖਣ ਯੋਗ ਫਿਲਮ !




ਮੁੰਬਈ / ਮਨਜੀਤ ਸਿੰਘ ਸਰਾਂ

ਭਗਤ ਪੂਰਨ ਸਿੰਘ ਜੀ ਹੋਰਾਂ ਦੇ ਜੀਵਨ ਅਤੇ ਓਨਾਂ ਦੀਆਂ ਜ਼ਿੰਦਗੀ ਭਰ ਦੀਆਂ ਘਾਲਨਾਵਾਂ ਤੇ ਬਣੀ ਫਿਲਮ "ਏਹ ਜਨਮ ਤੁਮ੍ਹਾਰੇ ਲੇਖੇ" ਇਕ ਮਿਆਰੀ ਅਤੇ ਮਨੁੱਖਤਾ ਦਾ ਸੰਦੇਸ਼ ਦਿੰਦੀ ਫਿਲਮ ਹੈ, ਜਿਸ ਲਈ ਫਿਲਮ ਦੇ ਨਿਰਦੇਸ਼ਕ ਹਰਜੀਤ ਸਿੰਘ ਵਧਾਈ ਦੇ ਪਾਤਰ ਹਨ। ਫਿਲਮ ਦੀ ਕਹਾਣੀ ਅਤੇ ਸੰਵਾਦ ਆਪਣਾ ਪੂਰਾ ਪੂਰਾ ਪ੍ਰਭਾਵ ਦਰਸ਼ਕਾਂ ਤੇ ਛੱਡਦੇ ਹਨ ਅਤੇ ਇਕ ਇਕ ਸੀਨ ਨੂੰ ਬਾਖੂਬੀ ਸ਼ੂਟ ਕੀਤਾ ਗਿਆ ਹੈ। ਭਾਵ ਕੁਲ ਮਿਲਾ ਕੇ ਹਰੇਕ ਨੂੰ ਇਹ ਫਿਲਮ ਦੇਖਣੀ ਚਾਹੀਦੀ ਹੈ ਜੋ ਧਰਮਾਂ ਤੋਂ ਉੱਪਰ ਉਠ ਕੇ ਇਕ ਇਨਸਾਨੀਅਤ ਦਾ ਉਪਦੇਸ਼ ਦਿੰਦੀ ਹੈ।

### ਸ਼ਰਮੀਲਾ ਟੈਗੋਰ ਦੀ ਬੇਟੀ ਸੋਹਾ ਅਲੀ ਖਾਨ ਤੇ ਕੁਨਾਲ ਕੇਮੂੰ ਵਿਆਹ ਦੇ ਬੰਧਨ 'ਚ ਬਝੇ !



ਮੁੰਬਈ / ਮਨਜੀਤ ਸਿੰਘ ਸਰਾਂ

ਸ਼ਾਹੀ ਪਰਿਵਾਰ ਅਤੇ ਸੈਫ ਅਲੀ ਖਾਨ ਦੀ ਛੋਟੀ ਐਕਟ੍ਰੇਸ ਭੈਣ ਸੋਹਾ ਅਲੀ ਖਾਨ ਨੇ ਆਪਣੇ ਲਈ ਕੁਨਾਲ ਕੇਮੂੰ ਨਾਂ ਦੇ ਨੌਜਵਾਨ ਨੂੰ ਆਪਣੀ ਜ਼ਿੰਦਗੀ ਦਾ ਸਾਥੀ ਚੁਣ ਲਿਆ ਹੈ। ਬੀਤੇ ਦਿਨ ਇਨ੍ਹਾਂ ਦਾ ਵਿਆਹ ਇਕ ਸਾਦੇ ਤਰੀਕੇ ਨਾਲ ਹੋਇਆ, ਉਂਝ ਸੋਹਾ ਅਲੀ ਖਾਨ ਫਿਲਮਾਂ 'ਚ ਆਪਣੇ ਆਪ ਨੂੰ ਸਥਾਪਤ ਨਹੀਂ ਕਰ ਪਾਈ। ਪਤਾ ਲਗਿਆ ਹੈ ਕਿ ਇਸ ਰਿਸ਼ਤੇ ਲਈ ਸੈਫ ਅਲੀ ਖਾਨ ਰਾਜ਼ੀ ਨਹੀਂ ਸੀ ਪਰ ਉਸ ਨੂੰ ਮਾਂ ਸ਼ਰਮੀਲਾ ਟੈਗੋਰ ਦਾ ਪੂਰਾ ਆਸ਼ੀਰਵਾਦ ਮਿਲਦਾ ਹੈ।

ਕੁਨਾਲ ਇਕ ਫ਼ਾਇਨੈਂਸ਼ਰ ਹੈ ਤੇ ਖੁਲੀ ਪ੍ਰਾਪਰਟੀ ਦਾ ਮਾਲਿਕ ਹੈ ਪਰ ਇਹ ਪਤਾ ਨਹੀਂ ਲੱਗਿਆ ਕਿ ਇਸ ਸ਼ਾਹੀ ਕੁੜੀ ਦਾ ਵਿਆਹ ਚੁੱਪ ਚਾਪ ਤੇ ਬਿਲਕੁਲ ਸਾਦੇ ਤਰੀਕੇ ਨਾਲ ਕਰਨਾ ਕਿਉਂ ਪਿਆ।

## ਏਹੋ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖ ॥

ਇਨਸਾਨ ਦਾ ਕੁਦਰਤੀ ਰੂਪੀ ਸਰੀਰ ਅਚਾਨਕ ਹਾਦਸਾਗ੍ਰਸਤ ਹੋਣ ਨਾਲ ਜਾ ਕਿਸੇ ਨਾ ਕਿਸੇ ਨਾ-ਮੁਰਾਦ ਬੀਮਾਰੀ ਹੋਣ ਕਾਰਨ ਸਰੀਰਕ ਬਣਤਰ ਵਿਚ ਵਿਗਾੜ ਆ ਜਾਣ ਨਾਲ ਸਮਾਜ ਦੀਆਂ ਨਜ਼ਰਾਂ ਵਿਚ ਉਹ ਅਧੂਰਾ ਜਾਂ ਤਰਸ ਦਾ ਪਾਤਰ ਬਣ ਕੇ ਰਹਿ ਜਾਂਦਾ ਹੈ, ਭਾਵੇਂ ਕਿ ਉਸ ਦੀ ਅੰਦਰਲੀ ਕਲਾ ਉਸ ਨੂੰ ਅਧੂਰਾ ਨਹੀਂ ਮੰਨਦੀ ਕੁਝ ਕਰਨ ਲਈ ਅੱਗੇ ਵਧਣ ਦੀ ਕਲਾ ਭਟਕਦੀ ਰਹਿੰਦੀ ਹੈ। ਅੰਗਹੀਣ ਵਿਅਕਤੀ ਨੂੰ ਆਪਣੇ ਅੰਗ ਗੁਆਏ ਦਾ ਦਰਦ ਘੱਟ ਹੁੰਦਾ ਹੈ, ਜਿਨ੍ਹਾਂ ਕਿ ਉਸ ਨੂੰ ਆਪਣੀ ਕਾਬਲੀਅਤ ਅਨੁਸਾਰ ਕੰਮ ਦੇ ਮੌਕੇ ਨਾ ਮਿਲਣ ਕਾਰਨ ਦੁੱਖ ਮਹਿਸੂਸ ਹੁੰਦਾ ਹੈ। ਰੁਜ਼ਗਾਰ ਨਾ ਮਿਲਣ ਕਰਕੇ ਉਸ ਨੂੰ ਹੋਰ ਵੀ ਮਾਨਸਿਕ ਪੀੜ੍ਹਾ ਦਾ ਦਰਦ ਹੰਢਾਉਣਾ ਪੈਂਦਾ ਹੈ। ਜੇਕਰ ਉਸ ਨੂੰ ਯੋਗਤਾ ਅਨੁਸਾਰ ਰੁਜ਼ਗਾਰ ਦਿੱਤਾ ਜਾਵੇ ਤਾਂ ਆਪਣੇ ਪਰਿਵਾਰ ਅਤੇ ਸਮਾਜ ਦਾ ਕਿਰਿਆਸ਼ੀਲ ਅੰਗ ਹੋ ਨਿਬੜਦਾ ਹੈ ਅਤੇ ਬਾਕੀਆਂ ਨਾਲ ਚਾਨਣ ਮੁਨਾਰਾ ਬਣ ਸਕਦਾ ਹੈ। ਪੰਜਾਬ ਸਰਕਾਰ ਕਿਸਾਨਾਂ ਨੂੰ ਬਿਜਲੀ, ਪਾਣੀ ਮੁਫ਼ਤ ਦੇ ਰਹੀ ਹੈ। ਇਸੇ ਤਰ੍ਹਾਂ ਹੀ ਦਲਿਤ ਵਰਗ ਪਰਿਵਾਰਾਂ ਨੂੰ 200 ਬਿਜਲੀ ਯੂਨਿਟ ਮੁਆਫ਼ ਕਰ ਦਿੱਤੀ ਹੈ ਅਤੇ ਸਰਕਾਰੀ ਮੁਲਾਜ਼ਮਾਂ ਨੂੰ ਸਮੇਂ-ਸਮੇਂ ਸਿਰ ਸਹੂਲਤਾਂ ਦੇਣ ਦਾ ਯਤਨ ਕੀਤਾ ਜਾਂਦਾ ਹੈ, ਪਰ ਅੰਗਹੀਣਾਂ ਨੂੰ ਸਰਕਾਰ ਨੇ ਕੋਈ ਖਾਸ ਸਹੂਲਤ ਨਹੀਂ ਦਿੱਤੀ, ਚਾਹੇ ਉਹ ਮੁਲਾਜ਼ਮ ਹੈ, ਬੇਰੁਜ਼ਗਾਰ ਹੈ ਜਾਂ ਫਿਰ ਬੇਕਾਰ ਹੈ। ਉਹਨਾਂ ਦੇ ਦੁੱਖਾਂ ਤਕਲੀਫ਼ਾਂ ਦਾ ਕੋਈ ਇਲਮ ਹੈ ਕਿ ਉਹ ਵੀ ਇਸ ਸਮਾਜ ਦੇ ਵਸ਼ਿੰਦੇ ਹਨ। ਅੰਗਹੀਣ ਦੀ ਉਹ ਪੈਨਸ਼ਨ 250 ਰੁਪਏ ਮਹੀਨਾ ਜੋ ਬਹੁਤ ਹੀ ਮੁਸ਼ਕਲ ਨਾਲ ਲੱਗਦੀ ਹੈ, ਪ੍ਰੰਤੂ ਹੋਣਾ ਇਹ ਚਾਹੀਦਾ ਹੈ ਕਿ ਮੈਡੀਕਲ ਅਫ਼ਸਰ ਵੱਲੋਂ ਜਦੋਂ ਮੈਡੀਕਲ ਪ੍ਰਮਾਣ ਪੱਤਰ ਬਣ ਜਾਂਦਾ ਹੈ ਤਾਂ ਉਸ ਸਮੇਂ ਪੈਨਸ਼ਨ ਚਾਲੂ ਹੋ ਜਾਣੀ ਚਾਹੀਦੀ ਹੈ। ਘੱਟੋ-ਘੱਟ 1000 ਰੁਪਏ ਮਹੀਨਾ ਹੋਵੇ ਜੇਕਰ ਪੈਨਸ਼ਨ ਉਸ ਸਮੇਂ ਨਹੀਂ ਲੱਗਦੀ ਤਾਂ ਲੱਗਣ ਤੱਕ ਦਾ ਬਕਾਇਆ ਬਣਾ ਕੇ ਦਿੱਤਾ ਜਾਵੇ ਜਿਵੇਂ ਕਿ ਸਰਕਾਰੀ ਮੁਲਾਜ਼ਮਾਂ ਦਾ ਬਕਾਇਆ ਬਣਦਾ ਹੈ।

ਸੰਸਾਰ ਵਿਚ ਕੁੱਲ ਆਬਾਦੀ ਤਕਰੀਬਨ 15% ਸਰੀਰਕ ਅੰਗਾਂ ਅਤੇ ਭਿਆਨਕ ਬਿਮਾਰੀਆਂ ਤੋਂ ਪੀੜ੍ਹਤ ਹਨ। ਭਾਰਤ ਵਿਚ 2011 ਦੇ ਸਰਵੇ ਅਨੁਸਾਰ 2,68,10,557 ਅਪਾਹਜ ਹਨ। ਪੰਜਾਬ ਭਾਰਤ ਦਾ ਖੇਤੀ ਪ੍ਰਧਾਨ ਸੂਬਾ ਹੈ, ਜਿੱਥੇ ਖੇਤੀ ਦੇ ਨਾਲ ਇੰਡਸਟਰੀ ਦਾ ਵੀ ਵਿਸ਼ਾਲ ਘੇਰਾ ਹੈ। ਮਸ਼ੀਨੀਕਰਨ ਦੀ ਖੇਤੀ ਧੰਦੇ ਨਾਲ ਅਨੇਕਾਂ ਲੋਕ ਅਪਾਹਜ ਹੋ ਰਹੇ ਹਨ, ਰਸਾਇਣਕ ਖੇਤੀ ਨਾਲ ਇਨਸਾਨ ਨੂੰ ਕਈ ਨਾ ਮੁਰਾਦ ਬਿਮਾਰੀਆਂ ਨੇ ਜਕੜ ਲਿਆ ਹੈ। ਜਿੱਥੇ ਮਸ਼ੀਨਰੀ ਨੇ ਮਹੀਨਿਆਂ ਦਾ ਕੰਮ ਦਿਨਾਂ, ਘੰਟਿਆਂ ਵਿਚ ਕਰ ਦਿੱਤਾ ਹੈ, ਉਥੇ ਖੇਤੀ ਮਸ਼ੀਨਰੀ ਨੇ ਅਨੇਕਾਂ ਜਾਨਾਂ ਅਤੇ ਹੋਰ ਸਰੀਰਕ ਅੰਗਾਂ ਦਾ ਵੀ ਨਾਸ਼ ਕੀਤਾ ਹੈ। ਇਸ ਮਸ਼ੀਨਰੀ ਨੇ ਇਨਸਾਨ ਨੂੰ ਪ੍ਰੇਸ਼ਾਨੀਆਂ ਵਿਚ ਵੀ ਝੰਜੋੜ ਕੇ ਰੱਖ ਦਿੱਤਾ ਹੈ। ਜਿੱਥੇ ਪੰਜਾਬ ਨੇ ਖੇਤੀ ਦੀ ਪੈਦਾਵਾਰ ਵਿਚ ਮੱਲਾ ਮਾਰੀਆਂ ਹਨ, ਇਥੇ ਬਾਕੀ ਸੂਬਿਆਂ ਨਾਲੋਂ ਵੱਧ ਜਾਨਾਂ ਅਤੇ ਅੰਗ ਗੁਆਏ ਹਨ। ਪੰਜਾਬ ਵਿਚ 2011 ਦੇ ਸਰਵੇ ਅਨੁਸਾਰ 6,54,063 ਅੰਗਹੀਣ ਹਨ। ਇਕ ਨਿੱਜੀ ਸਰਵੇ ਅਨੁਸਾਰ ਪੰਜਾਬ ਵਿਚ ਕੁੱਲ ਆਬਾਦੀ ਦਾ 10% ਤੋਂ ਉੱਪਰ ਅੰਗਹੀਣਤਾ ਦੇ ਨਾਲ ਪੀੜ੍ਹਤ ਹਨ।

ਅਪੰਗਤਾ ਵਾਲੇ ਵਿਅਕਤੀ (ਸਮਾਨ ਮੌਕੇ ਅਧਿਕਾਰ ਦੀ ਸੁਰੱਖਿਆ ਅਤੇ ਪੂਰਨ ਸ਼ਮੂਲੀਅਤ) ਐਕਟ 1995 ਬਣਿਆ ਹੈ। ਜੋ ਦੇਸ਼ ਦੀ ਸਰਵ ਉੱਚ ਸੰਸਦ ਨੇ ਪਾਸ ਕੀਤਾ ਅਤੇ ਰਾਸ਼ਟਰਪਤੀ ਨੇ ਉਸ ਐਕਟ ਨੂੰ ਮਨਜ਼ੂਰੀ ਦੇ ਕੇ ਜੰਮੂ-ਕਸ਼ਮੀਰ ਨੂੰ ਛੱਡ ਕੇ ਦੇਸ਼ ਵਿਚ ਲਾਗੂ ਕੀਤਾ ਹੈ। ਇਸ ਐਕਟ ਮੁਤਾਬਿਕ ਕੇਂਦਰੀ ਕਮੇਟੀਆਂ, ਰਾਜ ਪੱਧਰੀ ਤੇ ਫਿਰ ਜ਼ਿਲ੍ਹਾ ਪੱਧਰ ਤੇ ਕਮੇਟੀਆਂ ਦਾ ਗਠਨ ਕਰਕੇ ਹਰ ਤਿੰਨ ਮਹੀਨੇ ਬਾਅਦ ਇਸ ਐਕਟ ਨੂੰ ਲਾਗੂ ਕਰਨ ਅਤੇ ਇਕ ਮੀਟਿੰਗ ਅੰਗਹੀਣਾਂ ਦੀ ਸਮੱਸਿਆਵਾਂ ਨੂੰ ਹੱਲ ਕਰਨ ਲਈ ਜ਼ਰੂਰ ਹੋਵੇਗੀ। ਪ੍ਰੰਤੂ ਇਹ ਵੀ ਸਮਾਜਿਕ ਜ਼ਿਲ੍ਹਾ ਪੱਧਰ ਤੇ ਸੁਰੱਖਿਆ ਵਿਭਾਗ ਵੱਲੋਂ ਵਫ਼ਾਦਾਰ ਐਨ.ਜੀ.ਓ. ਨੂੰ ਬੁਲਾ ਕੇ ਖਾਨਾ ਪੂਰਤੀ ਕੀਤੀ ਜਾਂਦੀ ਹੈ ਅਤੇ ਬਹੁਤੇ ਜ਼ਿਲ੍ਹਿਆਂ ਵਿਚ ਲਗਾਤਾਰ ਇਹ ਮੀਟਿੰਗਾਂ ਹੁੰਦੀਆਂ ਹੀ ਨਹੀਂ ਹਨ। ਇਸ ਐਕਟ ਨੂੰ ਲਾਗੂ ਕਰਾਉਣ ਲਈ ਵੱਖ-ਵੱਖ ਐਸੋਸੀਏਸ਼ਨਾਂ ਵੱਲੋਂ ਅਦਾਲਤਾਂ ਦਾ ਸਹਾਰਾ ਲੈ ਕੇ ਐਕਟ ਦੀਆਂ ਕੁਝ ਹੀ ਮੱਦਾ ਲਾਗੂ ਕਰਾਈਆਂ ਹਨ ਅਤੇ ਭਾਰਤ ਦੀ ਉੱਚ ਅਦਾਲਤ ਨੇ ਸਤੰਬਰ 2014 ਦਾ ਫੈਸਲਾ ਸੁਣਾਉਂਦੇ ਹੋਏ ਟਿੱਪਣੀ ਕੀਤੀ ਹੈ ਕਿ ਇਸ ਐਕਟ ਮੁਤਾਬਿਕ 19 ਸਾਲਾਂ ਤੋਂ ਅਪਾਹਜਾਂ ਲਈ ਅਸਰਦਾਰ ਢੰਗ ਨਾਲ ਲਾਗੂ ਨਾ ਕਰਕੇ ਅੰਗਹੀਣਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਅਤੇ ਸਰਕਾਰੀ ਮੱਦਦ ਨਾਲ ਚੱਲਦੇ ਅਦਾਰਿਆਂ ਵਿਚ ਅੰਗਹੀਣਾਂ ਦੀ 3% ਭਰਤੀ ਲਾਜ਼ਮੀ ਹੈ। ਕਾਨੂੰਨ 1995 ਅਨੁਸਾਰ ਉਹਨਾਂ ਉੱਪਰ ਲਾਗੂ ਹੁੰਦਾ ਹੈ। ਪੰਜਾਬ ਸਰਕਾਰ ਦੇ ਵੱਖ-ਵੱਖ ਮਹਿਕਮਿਆਂ ਵਿਚ ਪਈਆਂ ਖਾਲੀ ਪੋਸਟਾਂ ਤੁਰੰਤ ਭਰੀਆਂ ਜਾਣ ਕਿਉਂਕਿ ਪੜ੍ਹੇ ਲਿਖੇ ਅੰਗਹੀਣ ਲੋਕ ਬਹੁਤ ਹਨ। 26 ਜਨਵਰੀ 2005 ਨੂੰ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਜੀ ਨੇ ਅੰਗਹੀਣਾਂ ਦੇ 95 ਦੇ ਐਕਟ ਅਨੁਸਾਰ ਆਈ.ਏ.ਐਸ. ਅਫ਼ਸਰ ਭਰਤੀ ਕਰਕੇ ਲੋਕਾਂ ਦੀ ਸੇਵਾ ਲਈ ਭੇਜਿਆ। ਇਹ ਕਦਮ ਅੰਗਹੀਣਾਂ ਦੇ ਹੌਸਲੇ ਵਿਚ ਵਾਧਾ ਕਰਨ ਦੇ ਬਰਾਬਰ ਹੈ ਇਸੇ ਤਰ੍ਹਾਂ ਅਸੀਂ ਮੰਗ ਕਰਦੇ ਹਾਂ ਕਿ ਇਹੋ ਜਿਹੇ ਸਖ਼ਤ ਕਦਮ ਪੁੱਟ ਕੇ ਯੋਗਤਾ ਅਨੁਸਾਰ ਇਹਨਾਂ ਲੋਕਾਂ ਨੂੰ ਰੋਜ਼ਗਾਰ ਦੇ ਕੇ ਬੈਕਲਾਗ ਪੂਰਾ ਕੀਤਾ ਜਾਵੇ।

ਅੰਗਹੀਣ ਲੋਕਾਂ ਨੂੰ ਇਸ ਵਿਚੋਂ ਵਿਚਰਨ ਲਈ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇਕਰ ਪੜ੍ਹ ਲਿਖ ਜਾਵੇ ਵੀ ਫਿਰ ਸਰਵਿਸ ਨਾ ਮਿਲੇ ਤਾਂ ਉਸਨੂੰ ਹੋਰ ਵੀ ਮਾਨਸਿਕ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸੇ ਤਰ੍ਹਾਂ ਹੀ ਪਿਛਲੀ ਸਰਕਾਰ ਨੂੰ ਐਕਟ 1995 ਅਨੁਸਾਰ ਪੰਚਾਇਤੀ ਵਿਭਾਗ ਵਿਚ ਬਲਾਕ ਵਿਕਾਸ ਅਫ਼ਸਰ, ਗ੍ਰਾਮ ਸੇਵਕ, ਪੰਚਾਇਤ ਸੈਕਟਰੀ ਅਤੇ ਕਲਰਕ ਭਰਤੀ ਕੀਤੇ ਸਨ। ਉਹਨਾਂ ਨੂੰ ਥੋੜ੍ਹੇ ਸਮੇਂ ਬਾਅਦ ਹੀ ਨੌਕਰੀ ਤੋਂ ਫਾਰਗ ਕਰ ਦਿੱਤਾ। ਅਜਿਹਾ ਕਦਾਚਿੱਤ ਨਹੀਂ ਕਰਨਾ ਚਾਹੀਦਾ। ਪਹਿਲਾ ਨੌਕਰੀ ਦੇ ਦੇਣੀ ਅਤੇ ਫਿਰ ਨੌਕਰੀ ਖੋਹ ਲੈਣੀ। ਇਸ ਤਰ੍ਹਾਂ ਨਾਲ ਉਹਨਾਂ ਦੀ ਮਾਨਸਿਕ ਪ੍ਰੇਸ਼ਾਨੀ ਵਧੇਗੀ ਤੇ ਕਿਸੇ ਹੋਰ ਪੀੜ੍ਹ ਨੂੰ ਜਨਮ ਦੇਵੇਗੀ। ਅਪੰਗਤਾ ਵਾਲੇ ਵਿਅਕਤੀ (ਸਮਾਨ ਮੌਕੇ ਅਧਿਕਾਰਾਂ ਦੀ ਸੁਰੱਖਿਆ ਅਤੇ ਪੂਰਨ ਸ਼ਮੂਲੀਅਤ) ਐਕਟ 1995 ਨੂੰ ਸਾਰਥਕ ਤੌਰ ਤੇ ਲਾਗੂ ਕੀਤਾ ਜਾਵੇ ਅਤੇ ਸਾਰੇ ਮਹਿਕਮਿਆਂ ਦੇ ਸੂਬਾ ਅਧਿਕਾਰੀਆਂ ਵੱਲੋਂ ਜ਼ਿਲ੍ਹਾ ਅਧਿਕਾਰੀਆਂ ਨੂੰ ਇਸ ਨੂੰ ਲਾਗੂ ਕਰਨ ਲਈ ਪ੍ਰੇਰਿਆ ਜਾਵੇ। ਅੰਗਹੀਣਾਂ ਦੇ ਸਾਰੇ ਵਰਗਾਂ ਨੂੰ ਫਿਰ ਰਾਹਤ ਮਿਲ ਸਕਦੀ ਹੈ। ਐਸਾ ਕੋਈ ਵੀ ਕੰਮ ਨਹੀਂ ਜੋ ਆਮ ਇਨਸਾਨ ਦੀ ਤਰ੍ਹਾਂ ਇਕ ਅਪਾਹਜ ਵਿਅਕਤੀ ਨਾ ਕਰ ਸਕਦਾ ਹੋਵੇ, ਭਾਵੇਂ ਉਹ ਖੇਡ ਦਾ ਮੈਦਾਨ ਹੈ। ਪੜ੍ਹਾਈ ਦਾ ਖੇਤਰ ਹੋਵੇ ਜਾਂ ਫਿਰ ਕਿਸੇ ਫੈਕਟਰੀ ਵਿਚ ਕੰਮ ਕਰਨਾ ਹੋਵੇ। ਉਹ ਕਿਸੇ ਵੀ ਕੰਮ ਨੂੰ ਆਸਾਨੀ ਨਾਲ ਕਰ ਸਕਦਾ ਹੋਵੇ। ਬਸ਼ਰਤੇ ਕਿ ਸਮਾਜ ਉਸ ਨੂੰ ਆਮ ਨਾਗਰਿਕ ਦੀ ਤਰ੍ਹਾਂ ਵਿਚਰਨ ਦੀ ਇਜਾਜ਼ਤ ਦੇਵੇ। ਅੰਗਹੀਣਾਂ ਨੂੰ ਉਹਨਾਂ ਦੀ ਯੋਗਤਾ ਅਨੁਸਾਰ ਜ਼ਰੂਰ ਮੌਕੇ ਦੇਣੇ ਚਾਹੀਦੇ ਹਨ, ਉਸ ਨੂੰ ਰਹਿਮ ਦੀ ਜ਼ਰੂਰਤ ਨਹੀਂ ਕੰਮ ਦੇਣ ਦੀ ਜ਼ਰੂਰਤ ਹੈ। ਕੁਝ ਸਰਕਾਰੀ ਅਤੇ ਨਿੱਜੀ ਦਫ਼ਤਰਾਂ ਵਿਚ ਅੰਗਹੀਣ ਮੁਲਾਜ਼ਮਾਂ ਨਾਲ ਵਿਤਕਰੇ ਕੀਤੇ ਜਾ ਰਹੇ ਹਨ। ਉਹਨਾਂ ਦੇ ਕੰਮ ਕਰਨ ਦੇ ਮੌਕੇ ਖੋਹੇ ਜਾ ਰਹੇ ਹਨ। ਅੰਗਹੀਣਾਂ ਦੀ ਦੀਆਂ ਬਦਲੀਆਂ ਸਰਕਾਰੀ ਨਿਯਮਾਂ ਤੋਂ ਉਲਟ ਜਾਣ ਬੁਝ ਕੇ ਕੀਤੀਆਂ ਜਾ ਰਹੀਆਂ ਹਨ। ਉਹਨਾਂ ਦੇ ਕੀਤੇ ਹੋਏ ਕੰਮਾਂ ਨੂੰ ਅੱਖੋਂ ਪਰੋਖੇ ਕੀਤਾ ਜਾਂਦਾ ਹੈ ਅਤੇ ਕੀਤੇ ਹੋਏ ਕੰਮਾਂ ਨੂੰ ਅਣਗੌਲਿਆ ਕਰਕੇ ਜਲੀਲ ਕੀਤਾ ਜਾਂਦਾ ਹੈ। ਆਪਣੇ ਰੁਤਬੇ ਦੀ ਗਲਤ ਵਰਤੋਂ ਕਰਕੇ ਉਹਨਾਂ ਦੀਆਂ ਬਦਲੀਆਂ ਜਾਣ ਬੁੱਝ ਕੇ ਅਣਚਾਹੇ ਸਟੇਸ਼ਨਾਂ ਤੇ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਪ੍ਰਤੀ ਅਪਸ਼ਬਦ ਬੋਲੇ ਜਾਂਦੇ ਹਨ। ਅਸੀਂ ਮੰਗ ਕਰਦੇ ਹਾਂ ਜੋ ਵੀ ਕਿਸੇ ਮਹਿਕਮੇ ਦੇ ਅਫ਼ਸਰ ਅੰਗਹੀਣ ਪ੍ਰਤੀ ਅਜਿਹਾ ਵਰਤਾਉ ਕਰਦੇ ਹਨ, ਉਸ ਦੀ ਰਿਪੋਰਟ ਅੰਗਹੀਣਾਂ ਦੇ ਕਮਿਸ਼ਨਰ ਪਾਸ ਜਾਣੀ ਚਾਹੀਦੀ ਹੈ ਤਾਂ ਜੋ ਇਸ ਦੀ ਤੁਰੰਤ ਪੜਤਾਲ ਕਰਕੇ ਉਸ ਤੇ ਬਣਦੀ ਕਾਰਵਾਈ ਕੀਤੀ ਜਾਵੇ। ਇੱਥੋਂ ਤੱਕ ਕਿ ਉਹਨਾਂ ਦੀਆਂ ਗੁਪਤ ਰਿਪੋਰਟਾਂ ਵਿਚ ਵੀ ਅੰਗਹੀਣ ਹੋਣ ਦੇ ਸ਼ਬਦ ਲਿਖੇ ਜਾਂਦੇ ਹਨ। ਸੂਬਾ ਸਰਕਾਰਾਂ ਵੱਲੋਂ ਅੰਗਹੀਣਾਂ ਦੀ ਸਹੂਲਤ ਲਈ ਵੱਖ-ਵੱਖ ਸਮੇਂ ਤੇ ਹੋਈਆਂ ਨੋਟੀਫਿਕੇਸ਼ਨਾਂ, ਸਹੂਲਤਾਂ ਦੇ ਵਾਲੇ ਪੱਤਰ ਵਿਹਾਰ ਆਦਿ ਨੂੰ ਇਕ ਕਿਤਾਬਚੇ ਦਾ ਬੁੱਕਲੈਟ ਨਮੂਨਾ ਜ਼ਿਲ੍ਹਾ ਸਮਾਜਿਕ ਸੁਰੱਖਿਆ ਵਿਭਾਗ ਦੇ ਦਫ਼ਤਰ ਵਿਚ ਉਪਲੱਬਧ ਹੋਣੀ ਚਾਹੀਦੀ ਹੈ ਤਾਂ ਜੋ ਲੋੜਵੰਦ ਵਿਅਕਤੀ ਉਸ ਦਾ ਫਾਇਦਾ ਉਠਾ ਸਕਣ। ਸੁਵਿਧਾ ਸੈਂਟਰਾਂ ਵਿਚ ਅੰਗਹੀਣਾਂ ਦੇ ਕੰਮ ਕਾਰ ਨੂੰ ਨੇਪਰੇ ਚਾੜ੍ਹਨ ਲਈ ਇਕ ਵੱਖਰਾ ਕਾਊਂਟਰ ਹੋਣਾ ਚਾਹੀਦਾ ਹੈ। ਐਸੋਸੀਏਸ਼ਨ ਮੰਗ ਕਰਦੀ ਹੈ ਕਿ ਸਰਕਾਰੀ ਅੰਗਹੀਣਾਂ ਦੀ ਸਰਵਿਸ 62 ਸਾਲ ਤੱਕ ਕੀਤੀ ਜਾਵੇ। ਅੰਗਹੀਣ ਮੁਲਾਜ਼ਮਾਂ ਤੇ ਨਿਰਭਰ ਪਰਿਵਾਰਾਂ ਨੂੰ ਮੌਤ ਤੋਂ ਬਾਅਦ ਉਸ ਦੇ ਪਰਿਵਾਰ ਨੂੰ ਪੈਨਸ਼ਨ ਤੇ ਲੋੜੀਂਦੇ ਲਾਭ ਦਿੱਤੇ ਜਾਣ ਤੇ ਉਨ੍ਹਾਂ ਦੇ ਬੱਚਿਆਂ ਨੂੰ ਯੋਗਤਾ ਅਨੁਸਾਰ ਕੰਮ ਦੇ ਮੌਕੇ ਦਿੱਤੇ ਜਾਣ। ਮਸ਼ੀਨਰੀ ਯੁੱਗ ਨੇ ਅੰਗਹੀਣਤਾ ਵਿਚ ਭਾਰੀ ਵਾਧਾ ਕੀਤਾ ਹੈ। ਅੰਗਹੀਣਤਾ ਰੋਕਣ ਦੇ ਠੋਸ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਇਸ ਦਾ ਇਕ ਵੱਖਰਾ ਹੀ ਮੰਤਰਾਲਾ ਬਣਾਇਆ ਜਾਵੇ ਤਾਂ ਅੰਗਹੀਣਾਂ ਨੂੰ ਵੱਖ-ਵੱਖ ਮਹਿਕਮਿਆਂ ਵਿਚ ਧੱਕੇ ਨਾ ਖਾਣੇ ਪੈਣ। ਅਸੀਂ ਇਹ ਵੀ ਮੰਗ ਕਰਦੇ ਹਾਂ ਕਿ ਇਕ ਸੂਬੇ ਪੱਧਰ ਤੇ ਬਣਿਆ ਅੰਗਹੀਣਾਂ ਦਾ ਕਮਿਸ਼ਨਰ ਜੋ ਐਕਟ 1995 ਨੂੰ ਲਾਗੂ ਕਰਨ ਅਤੇ ਉਹਨਾਂ ਦੀਆਂ ਹੋਰ ਮੁਸ਼ਕਲਾਂ ਨੂੰ ਹੱਲ ਕਰਨ ਲਈ ਬਣਿਆ ਹੈ, ਉਸ ਨੂੰ ਹੇਠਲੇ ਪੱਧਰ ਤੱਕ ਪਹੁੰਚ ਕਰਕੇ ਮਸਲੇ ਹੱਲ ਕਰਨੇ ਚਾਹੀਦੇ ਹਨ। ਐਸੋਸੀਏਸ਼ਨ ਇਹ ਵੀ ਮੰਗ ਕਰਦੀ ਹੈ ਕਿ ਐਕਟ ਅਨੁਸਾਰ ਪੰਚਾਇਤ ਤੋਂ ਲੈ ਕੇ ਰਾਜ ਸਭਾ, ਲੋਕ ਸਭਾ ਵਿਚ ਵੀ ਇਹਨਾਂ ਨੂੰ ਪ੍ਰਤੀਨਿਧਤਾ ਦੇਣੀ ਚਾਹੀਦੀ ਹੈ ਅਤੇ ਇਹਨਾਂ ਦੀਆਂ 3% ਸੀਟਾਂ ਦਾ ਵੱਖਰਾ ਕੋਟਾ ਹੋਣਾ ਚਾਹੀਦਾ ਹੈ ਤਾਂ ਜੋ ਅੰਗਹੀਣਾਂ ਦੇ ਮਸਲੇ ਹੱਲ ਹੋ ਸਕਣ। ਜਿਹੜੇ ਅੰਗਹੀਣ ਲੋਕ ਆਪਣਾ ਕੰਮ ਚਲਾਉਣਾ ਚਾਹੁੰਦੇ ਹੋਣ ਉਹਨਾਂ ਨੂੰ ਤੁਰੰਤ ਬਿਨ੍ਹਾਂ ਖੱਜਲ ਖੁਆਰੀ ਲੋਨ ਉੱਪਰ ਸਬਸਿਡੀ ਦੇ ਕੇ ਕੰਮ ਕਰ ਸਕਣ ਦੇ ਕਾਬਲ ਬਣਾਇਆ ਜਾਵੇ।

ਅੰਗਹੀਣ ਵੀ ਸਮਾਜ ਦਾ ਅਨਿੱਖੜਵਾਂ ਅੰਗ ਹਨ। ਇਹ ਸਰੀਰਕ ਤੌਰ 'ਤੇ ਤਾਂ ਊਣੇ ਹਨ ਪਰ ਮਾਨਸਿਕ ਤੌਰ 'ਤੇ ਪੂਰੇ ਹਨ। ਇਨ੍ਹਾਂ ਦੀ ਪ੍ਰਤਿਭਾ, ਕਲਾ, ਮਿਹਨਤ ਕਰਨ ਦੀ ਸ਼ਕਤੀ ਅੱਗੇ ਵਧਣ ਦੀ ਭੁੱਖ, ਭਾਵਨਾਤਮਿਕ ਸੋਚ ਵਿਚਾਰ ਅਤੇ ਸਿੱਖਿਆ ਜਾਂ ਹੋਰ ਖੇਤਰਾਂ ਵਿਚ ਮੁਕਾਬਲਾ ਕਰਨ ਦੀ ਸਮਰੱਥਾ ਆਮ ਲੋਕਾਂ ਨਾਲੋਂ ਕਿਸੇ ਵੀ ਪੱਖੋਂ ਘੱਟ ਨਹੀਂ ਹੈ। ਫਿਰ ਕਿਵੇਂ ਅੰਗਾਂ ਪੱਖੋਂ ਊਣੇ ਹੋਣ ਕਾਰਨ ਇਹਨਾਂ ਨੂੰ ਸਮਾਜ ਦੇ ਤਰਸਯੋਗ ਵਿਚਾਰੇ ਜਿਹੇ ਪਾਤਰ ਕਿਉਂ ਸਮਝਿਆ ਜਾਂਦਾ ਹੈ। ਜਦ ਕਿ ਇਹ ਲੋਕ ਸਮਾਜ ਦੇ ਵਿਚਾਰੇ ਪਾਤਰ ਨਹੀਂ ਸਗੋਂ ਸਮਾਜ ਦੇ ਵਿਚਾਰਨਯੋਗ ਪਾਤਰ ਹਨ। ਉਨ੍ਹਾਂ ਦੀ ਅੰਦਰਲੀ ਕਲਾ ਉਨ੍ਹਾਂ ਨੂੰ ਘਾਟ ਮਹਿਸੂਸ ਨਹੀਂ ਮੰਨਦੀ ਸਗੋਂ ਅੱਗੇ ਵਧਣ ਲਈ ਪ੍ਰੇਰਿਤ ਕਰਦੀ ਹੈ। ਜਦ ਕਿਸੇ ਵੀ ਪ੍ਰਤਿਭਾਵਾਨ ਅਪੰਗ ਵਿਅਕਤੀ ਨੂੰ ਉਸ ਦੀ ਕਾਬਲੀਅਤ ਅਨੁਸਾਰ ਰੁਜ਼ਗਾਰ ਨਹੀਂ ਮਿਲਦਾ ਤਾਂ ਉਸ ਨੂੰ ਆਪਣੀ ਸਰੀਰਿਕ ਊਣਤਾ ਦੇ ਨਾਲ-ਨਾਲ ਮਾਨਸਿਕ ਪੀੜ੍ਹਾ ਵੀ ਹੰਢਾਉਣੀ ਪੈਂਦੀ ਹੈ। ਆਓ ਮਿਲ ਕੇ ਮੂਲ ਪਛਾਣੀਏ ਤੇ ਆਪਣੀ ਕਾਬਲੀਅਤ ਦਾ ਲੋਹਾ ਮਨਾ ਕੇ ਇਕ ਤਾਕਤ ਬਣ ਕੇ ਉੱਤਰੀਏ।

ਡਾ. ਹਰਨੇਕ ਸਿੰਘ ਰੋਡੇ (ਨੈਸ਼ਨਲ ਐਵਾਰਡੀ)
ਪ੍ਰਧਾਨ ਡਿਸਏਬਲਡ ਪਰਸਨਜ਼ ਐਸੋਸੀਏਸ਼ਨ (ਪੰਜਾਬ),
98159-75824